### *ਪਾਣੀਆਂ ਦਾ ਮੁੱਦਾਃ*

# ਪੰਜਾਬ ਅਸੈਂਬਲੀ ਦਾ ਦਰੁਸਤ ਸਟੈਂਡ

ਪੰਜਾਬ ਅਸੈਂਬਲੀ ਨੇ ੧੩ ਜੁਲਾਈ ਨੂੰ ਸਰਬ-ਸੰਮਤੀ ਨਾਲ ਇਕ ਕਾਨੂੰਨ ਬਣਾਇਆ ਹੈ ਜਿਸ ਨਾਲ ਉਸਨੇ ਪੰਜਾਬ ਦਾ ਪਾਣੀ ਹਰਿਆਣੇ ਅਤੇ ਰਾਜਸਥਾਨ ਨੂੰ ਦੇਣ ਬਾਰੇ ੧੯੮੧ ਦੇ ਸਾਰੇ ਸਮਝੌਤੇ ਰੱਦ ਕਰ ਦਿਤੇ ਹਨ। ਇਹ ਕਾਨੂੰਨ ਸੁਪਰੀਮ ਕੋਰਟ ਦੇ ਉਸ ਫੈਸਲੇ ਨੂੰ ਬੇਅਸਰ ਕਰਨ ਲਈ ਬਣਾਇਆ ਗਿਆ ਹੈ ਜਿਸ ਵਿਚ ਸੁਪਰੀਮ ਕੋਰਟ ਨੇ ਕੇਂਦਰੀ ਸਰਕਾਰ ਨੂੰ ਹਿਦਾਇਤ ਕੀਤੀ ਸੀ ਕਿ ਸਤਲੁਜ ਜਮਨਾ ਲਿੰਕ ਨਹਿਰ ਬਣਾਉਣ ਦਾ ਕੰਮ ੧੫ ਜੁਲਾਈ ਤੱਕ ਲਾਜ਼ਮੀ ਸ਼ੁਰੂ ਕਰੇ। ਪੰਜਾਬ ਅਸੈਂਬਲੀ ਨੇ ਇਸ ਤਾਰੀਖ਼ ਤੋਂ ਪਹਿਲਾਂ ਹੀ ਇਹ ਕਾਨੂੰਨ ਬਣਾ ਕੇ ੧੯੮੧ ਦੇ ਸਮਝੌਤੇ ਨੂੰ ਅਤੇ ਰਾਵੀ ਅਤੇ ਬਿਆਸ ਦੇ ਪਾਣੀਆਂ ਬਾਰੇ ਹੋਰ ਸਾਰੇ ਸਮਝੌਤਿਆਂ ਨੂੰ ਰੱਦ ਕਰ ਦਿਤਾ ਹੈ ਅਤੇ ਸੁਪਰੀਮ ਕੋਰਟ ਦੇ ਫੈਸਲੇ ਦੀ ਬੁਨਿਆਦ ਨੂੰ ਖ਼ਤਮ ਕਰ ਦਿਤਾ ਹੈ। ਇਸ ਮੁੱਦੇ ਨੂੰ ਲੈ ਕੇ ਪਾਰਲੀਮੈਂਟ ਵਿਚ ਬਹੁਤ ਰੌਲਾ ਪਿਆ ਅਤੇ ਇਕ ਵੱਡਾ ਸੰਵਿਧਾਨਿਕ ਰੱਫੜ ਖੜਾ ਹੋ ਗਿਆ ਹੈ।

ਇਕ ਦਿਲਚਸਪੀ ਵਾਲੀ ਗੱਲ ਇਹ ਵੀ ਹੈ ਕਿ ਪੰਜਾਬ ਦੀ ਕਾਂਗਰਸ ਸਰਕਾਰ ਨੇ ਇਹ ਕਦਮ ਚੁੱਕਣ ਤੋਂ ਪਹਿਲਾਂ ਕੇਂਦਰੀ ਕਾਂਗਰਸ ਸਰਕਾਰ ਨੂੰ ਇਸ ਬਾਰੇ ਕੋਈ ਖ਼ਬਰ ਨਹੀਂ ਸੀ ਦਿਤੀ ਅਤੇ ਹੁਣ ਕਾਂਗਰਸ ਪਾਰਟੀ ਅਤੇ ਮਨਮੋਹਨ ਸਿੰਘ ਦੀ ਸਰਕਾਰ ਇਸ ਕਾਨੂੰਨ ਤੋਂ ਬਹੁਤ ਖ਼ਫ਼ਾ ਹਨ। ਪੰਜਾਬ ਦੇ ਮੁੱਖ ਮੰਤ੍ਰੀ ਤੇ ਪੰਜਾਬ ਕਾਂਗਰਸ ਦੇ ਹੋਰ ਆਗੂ ਅਤੇ ਵੱਡੇ ਅਫਸਰ ਦਿੱਲੀ ਦਰਬਾਰ ਵਿਚ ਹਾਜ਼ਰ ਹੋਕੇ ਇਸ ਕਾਨੂੰਨ ਨੂੰ ਪਾਸ ਕਰਨ ਦੀ ਆਪਣੀ ਮਜਬੂਰੀ ਦੱਸਦੇ ਹੋਏ ਆਪਣੀਆਂ ਸਫਾਈਆਂ ਦੇ ਰਹੇ ਹਨ। ਖ਼ਬਰਾਂ ਮੁਤਾਬਿਕ, ਪੰਜਾਬ ਦੇ ਮੁੱਖ ਮੰਤ੍ਰੀ ਨੇ ਕਿਹਾ ਹੈ ਕਿ ਉਨ੍ਹਾਂ ਨੇ ਪੰਜਾਬ ਰਾਜ ਦੇ ਹੱਕਾਂ ਦੀ ਰਾਖੀ ਲਈ ਇਹ ਕੰਮ ਕੀਤਾ ਹੈ ਜਦ ਕਿ ਕੇਂਦਰੀ ਸਰਕਾਰ ਦੀ ਦਲੀਲ ਹੈ ਕਿ ਇਸ ਨਾਲ ਦੇਸ਼ ਦੀ ਏਕਤਾ ਅਤੇ ਅਖੰਡਤਾ ਨੂੰ ਖ਼ਤਰਾ ਪੈਦਾ ਹੋ ਸਕਦਾ ਹੈ। ਇਸੇ ਤਰ੍ਹਾਂ ਅਕਾਲੀ ਦੱਲ ਨੇ ਵੀ ਇਸ ਕਾਨੂੰਨ ਦੀ ਹਿਮਾਇਤ ਵਿਚ ਪੁਰਜ਼ੋਰ ਸਟੈਂਡ ਲਿਤਾ ਹੈ ਪਰ ਕੇਂਦਰ ਵਿਚ ਉਨ੍ਹਾਂ ਦੇ ਜੁੰਡੀਦਾਰ ਭਾਜਪਾ ਦੇ ਆਗੂਆਂ ਨੇ ਇਸ ਦੀ ਸਖ਼ਤ ਨਿਖੇਧੀ ਕੀਤੀ ਹੈ। ਪਾਰਲੀਮੈਂਟ ਵਿਚ ਬੋਲਦੇ ਹੋਏ ਬੀ.ਜੇ.ਪੀ. ਦੇ ਆਗੂ ਜਸਵੰਤ ਸਿੰਘ ਨੇ ਕਿਹਾ ਹੈ ਕਿ ਇਹ ਕਾਨੂੰਨ ਇਕ ਬਹੁਤ ਹੀ ਗਲਤ ਰਵਾਇਤ ਕਾਇਮ ਕਰ ਦੇਵੇਗਾ ਜਿਸ ਨਾਲ ਕੋਈ ਵੀ ਰਾਜ ਆਪਣੇ ਕੁਦਰਤੀ ਸਾਧਨਾਂ ਅਤੇ ਖਣਿਜ ਪਦਾਰਥਾਂ ਉਤੇ ਅਪਣਾ ਹੱਕ ਜਤਾ ਕੇ ਮੁਲਕ ਦੀ ਏਕਤਾ ਅਤੇ ਅਖੰਡਤਾ ਨੂੰ ਖਤਰਾ ਖੜਾ ਕਰ ਸਕਦਾ ਹੈ। ਸੀ.ਪੀ.ਆਈ ਦੀ ਪੰਜਾਬ ਇਕਾਈ ਦੇ ਆਗੂ ਡਾਕਟਰ ਜੋਗਿੰਦਰ ਸਿੰਘ ਦਿਆਲ ਨੇ ਵੀ ਇਸ ਕਾਨੂੰਨ ਦੀ ਮੁਖ਼ਾਲਫਤ ਕੀਤੀ ਹੈ ਅਤੇ ਸੀ.ਪੀ.ਐਮ ਦਾ ਸੂਬਾ ਸਕੱਤਰ ਪ੍ਰੋ. ਬਲਬੰਤ ਸਿੰਘ ਵੀ ਪੰਜਾਬ ਅਸੈਂਬਲੀ ਵਲੋਂ ਇਸ ਕਾਨੂੰਨ ਨੂੰ ਬਣਾਉਣ ਬਾਰੇ ਆਪਣੀ ਨਾਰਾਜ਼ਗੀ ਜ਼ਾਹਰ ਕਰ ਚੁਕਾ ਹੈ

ਦੂਜੇ ਪਾਸੇ ਪੰਜਾਬ ਦੇ ਮੁੱਖ ਮੰਤ੍ਰੀ ਦਾ ਅਤੇ ਸੰਵਿਧਾਨ ਦੇ ਕਈ ਮਾਹਿਰਾਂ ਦਾ ਕਹਿਣਾ ਹੈ ਕਿ ਪਾਰਲੀਮੈਂਟ ਨੂੰ ਇਸ ਮੁੱਦੇ ਬਾਰੇ ਦਖਲ ਦੇਣ ਦਾ ਹੱਕ ਹੀ ਨਹੀਂ ਕਿਉਂਕਿ ਇਹ ਮੁੱਦਾ ਸੂਬਿਆਂ ਦੇ ਹੱਕਾਂ ਦੇ ਦਾਇਰੇ ਵਿਚ ਆਉਂਦਾ ਹੈ ਅਤੇ ਸੰਵਿਧਾਨਿਕ ਤੌਰ ਤੇ ਪਾਣੀ ਬਾਰੇ ਉਹ ਕੋਈ ਵੀ ਕਾਨੂੰਨ ਬਣਾ ਸਕਦੇ ਹਨ। ਇਹਦੇ ਨਾਲ ਹੀ ਉਹ ਇਹ ਦਲੀਲ ਵੀ ਦਿੰਦੇ ਹਨ ਕਿ ਹਰਿਆਣਾ ਅਤੇ ਰਾਜਸਥਾਨ ਇਨ੍ਹਾਂ ਪਾਣੀਆਂ ਦੇ ਬਿਲਕੁਲ ਹੱਕਦਾਰ ਨਹੀਂ ਕਿਉਂਕਿ ਪੰਜਾਬ ਦਾ ਕੋਈ ਵੀ ਦਰਿਆ ਇਨ੍ਹਾਂ ਰਾਜਾਂ ਦੇ ਵਿਚ ਦੀ ਨਹੀਂ ਲੰਘਦਾ। ਉਹ ਕਹਿ ਰਹੇ ਹਨ ਕਿ ੧੯੮੧ ਦਾ ਸਮਝੌਤਾ ਇਕ ਨਿਰੀ ਬੇਇਨਸਾਫ਼ੀ ਸੀ ਜਿਸ ਨਾਲ ਪੰਜਾਬ ਦੇ ਕਿਸਾਨਾਂ ਦਾ ਘਾਣ ਹੋ ਰਿਹਾ ਹੈ। ਪੰਜਾਬ ਦੇ ਕਿਸਾਨਾਂ ਨੂੰ ਇਸ ਸਮਝੌਤੇ ਤਹਿਤ ਬਹੁਤ ਹੀ ਘੱਟ ਪਾਣੀ ਮਿਲਦਾ ਹੈ। ਦਸਿਆ ਜਾਂਦਾ ਹੈ ਕਿ ਇਸ ਸਮਝੌਤੇ ਮੁਤਾਬਿਕ ਪੰਜਾਬ ਨੂੰ ਪੰਜਾਬ ਦੇ ਦਰਿਆਵਾਂ ਦਾ ਸਿਰਫ਼ ੧੬% ਪਾਣੀ ਹੀ ਮਿਲਦਾ ਹੈ।

ਹਰਿਆਣਾ, ਰਾਜਸਥਾਨ ਅਤੇ ਹਿਮਾਚਲ ਦੇ ਮੁੱਖ ਮੰਤਰੀਆਂ ਨੇ ਪੰਜਾਬ ਦੇ ਇਸ ਕਾਨੂੰਨ ਦੀ ਸਖ਼ਤ ਵਿਰੋਧਤਾ ਕੀਤੀ ਹੈ । ਕੇਂਦਰੀ ਸਰਕਾਰ ਨੇ ਇਹ ਮਸਲਾ ਸੁਪਰੀਮ ਕੋਰਟ ਦੀ ਰਾਏ ਜਾਨਣ ਲਈ ਹੁਣ ਦੁਬਾਰਾ ਉਸ ਕੋਲ ਭੇਜ ਦਿਤਾ ਹੈ। ਅਕਾਲੀ ਲੀਡਰਾਂ ਨੇ ਕਿਹਾ ਕਿ ਜੇ ਸੁਪਰੀਮ ਕੋਰਟ ਨੇ ਪੰਜਾਬ ਅਸੈਂਬਲੀ ਦੇ ਪਾਸ ਕੀਤੇ ਹੋਏ ਇਸ ਕਾਨੂੰਨ ਦੇ ਖ਼ਿਲਾਫ਼ ਕੋਈ ਫੈਸਲਾ ਦਿਤਾ ਤਾਂ ਉਹ ਇਕ ਮੋਰਚਾ ਸ਼ੁਰੂ ਕਰ ਦੇਣਗੇ। ਪੰਜਾਬ ਕਾਂਗਰਸ ਦੇ ਆਗੂਆਂ ਨੇ ਵੀ ਇਹੋ ਜਿਹੀ ਗੱਲ ਕੀਤੀ ਹੈ। ਪੰਜਾਬ ਦੇ ਕਿਸਾਨਾ ਦੀਆਂ ਕਈ ਯੂਨੀਅਨਾਂ ਨੇ ਵੀ ਇਸ ਕਾਨੂੰਨ ਦੀ ਸਿਫ਼ਤ ਕੀਤੀ ਹੈ ਅਤੇ ਹਮਾਇਤ ਵਿਚ ਬਿਆਨ ਦਿਤੇ ਹਨ।

ਪੰਜਾਬ ਅਸੈਂਬਲੀ ਨੇ ਇਹ ਕਾਨੂੰਨ ਬਣਾ ਕੇ ਅੱਜ ਦੇ ਇਕ ਬੜੇ ਭਖਦੇ ਮਸਲੇ ਨੂੰ ਸਾਰਿਆਂ ਦੀਆਂ ਨਜ਼ਰਾਂ ਵਿਚ ਲੈ ਆਂਦਾ ਹੈ। ਇਸ ਕਾਨੂੰਨ ਨੇ ਇਕ ਵਾਰ ਫਿਰ ਇਹ ਸਵਾਲ ਖੜਾ ਕੀਤਾ ਹੈ ਕਿ ਕਿਸੇ ਇਲਾਕੇ ਦੇ ਕੁਦਰਤੀ ਸੋਮਿਆਂ ਤੇ ਉਥੇ ਦੇ ਲੋਕਾਂ ਦਾ ਹੱਕ ਹੈ ਕਿ ਕਿਸੇ ਹੋਰ ਦਾ ਹੈ? ਪੰਜਾਬੀ ਸਿਆਸੀ ਸੋਧ ਅਤੇ ਦਰਸ਼ਨ ਮੁਤਾਬਿਕ ਕਿਸੇ ਇਲਾਕੇ ਦੇ ਕੁਦਰਤੀ ਸੋਮਿਆਂ ਤੇ ਉਥੋਂ ਦੇ ਲੋਕਾਂ ਦਾ ਹੀ ਹੱਕ ਹੁੰਦਾ ਹੈ। ਅੰਤਰਰਾਸ਼ਟਰੀ ਕਾਨੂੰਨ ਅਤੇ ਯੂ.ਐਨ.ਓ. ਦਾ ਚਾਰਟਰ ਵੀ ਇਹੋ ਕਹਿੰਦਾ ਹੈ ਕਿ ਇਕ ਇਲਾਕੇ ਦੇ ਕੁਦਰਤੀ ਸੋਮਿਆਂ ਉਤੇ ਉਸ ਇਲਾਕੇ ਦੇ ਲੋਕਾਂ ਦਾ ਹੀ ਹੱਕ ਹੁੰਦਾ ਹੈ। ਇਸ ਕਰਕੇ ਪੰਜਾਬ ਅਸੈਂਬਲੀ ਦੇ ਮੈਂਬਰਾਂ ਨੇ ਜੋ ਸਟੈਂਡ ਲਿਆ ਹੈ ਉਹ ਲੋਕਾਂ ਦੇ ਹਿੱਤ ਦੀ ਗੱਲ ਹੈ ਅਤੇ ਇਸ ਲਈ ਉਹ ਵਧਾਈ ਦੀ ਹੱਕਦਾਰ ਹਨ।

ਅੰਗਰੇਜ਼ਾਂ ਦਾ ਕਾਇਮ ਕੀਤਾ ਹੋਇਆ ਬਸਤੀਵਾਦੀ ਰਾਜ ਤੰਤ੍ਰ ਸਾਰੇ ਹਿੰਦੁਸਤਾਨ ਦੇ ਲੋਕਾਂ ਦੇ ਕੁਦਰਤੀ ਸਾਧਨਾਂ ਅਤੇ ਮਿਹਨਤ ਦੀ ਲੁੱਟ ਕਰਨ ਲਈ ਕਾਇਮ ਕੀਤਾ ਗਿਆ ਸੀ ਜੋ ੧੯੪੭ ਦੀ ਰਸਮੀ ਆਜ਼ਾਦੀ ਦੇ ਬਾਅਦ ਵੀ ਬਦਲਿਆ ਨਹੀਂ ਗਿਆ ਅਤੇ ਹਿੰਦੁਸਤਾਨ ਦੀਆਂ ਹਾਕਮ ਜਮਾਤਾਂ ਨੇ ਉਸੇ ਤਰਾਂ ਹੀ ਕਾਇਮ ਰਖਿਆ। ਇਸ ਕੇਂਦਰੀ ਰਾਜ ਤੰਤ੍ਰ ਰਾਹੀ ਸਾਰੇ ਹੀ ਲੋਕਾਂ, ਕੌਮਾਂ ਅਤੇ ਕਬੀਲਿਆਂ ਦੇ ਕੁਦਰਤੀ ਸੋਮੇ ਹੜੱਪ ਲਏ ਗਏ ਹਨ। ਇਸ ਬੇਇਨਸਾਫ਼ੀ ਅਤੇ ਲੁਟ ਦੇ ਖ਼ਿਲਾਫ਼ ਹਿੰਦੁਸਤਾਨ ਦੇ ਹਰ ਹਿੱਸੇ ਵਿਚ

ਲੋਕਾਂ ਵਲੋਂ ਰੋਸ ਅਤੇ ਵਿਰੋਧ ਹੁੰਦਾ ਆ ਰਿਹਾ ਹੈ। ਉੱਤਰ, ਦੱਖਣ, ਪੂਰਬ ਅਤੇ ਪੱਛਮ, ਹਰੇਕ ਥਾਂ ਇਸ ਦੇ ਵਿਰੋਧ ਵਿਚ ਲੋਕਾਂ ਦੀਆਂ ਲਹਿਰਾਂ ਉੱਠਦੀਆਂ ਰਹੀਆਂ ਹਨ ਜਿਨ੍ਹਾਂ ਨੂੰ ਕੇਂਦਰੀ ਸਰਕਾਰ ਹੇਰਾ ਫੇਰੀ ਅਤੇ ਗੋਲੀ ਨਾਲ ਦਬਾਉਂਦੀ ਆਈ ਹੈ।

ਅੰਗਰੇਜ਼ਾਂ ਦੇ ਪੰਜਾਬ ਉਤੇ ਕਬਜ਼ੇ ਦੇ ਬਾਅਦ ਤੋਂ ਹੀ ਪਾਣੀਆਂ ਦਾ ਮਸਲਾ ਇਕ ਵੱਡਾ ਮਸਲਾ ਰਿਹਾ ਹੈ। ਅੰਗਰੇਜ਼ਾਂ ਨੇ ਪਾਣੀ ਨੂੰ ਆਪਣੇ ਕੰਟਰੋਲ ਵਿਚ ਕਰਕੇ ਪੰਜਾਬ ਵਿਚ ਨਹਿਰਾਂ ਦਾ ਜਾਲ ਵਿਛਾਇਆ ਜਿਸ ਨਾਲ ਉਨ੍ਹਾਂ ਨੇ ਪੰਜਾਬ ਦੀ ਬਹੁਤ ਹੀ ਲੁੱਟ ਕੀਤੀ। ਪੰਜਾਬ ਦੀ ਵੰਡ ਦੇ ਬਾਅਦ ਵੀ ਬਸਤੀਵਾਦੀਆਂ ਦਾ ਸਥਾਪਤ ਕੀਤਾ ਹੋਇਆ ਰਾਜ ਤੰਤ੍ਰ ਇਹੋ ਕੁਝ ਕਰਦਾ ਆ ਰਿਹਾ ਹੈ। ਪੰਜਾਬ ਦੇ ਪਾਣੀ ਦੇ ਮਸਲੇ ਬਾਰੇ ੧੯੪੭ ਤੋਂ ਹੀ ਲਹਿਰਾਂ ਚਲਦੀਆਂ ਆਈਆਂ ਹਨ। ਪਿਛਲੇ ੨੦ ਸਾਲਾਂ ਵਿਚ ਇਹ ਮਸਲਾ ਇਕ ਭਖਦੇ ਮਸਲੇ ਦੇ ਤੌਰ ਤੇ ਸਾਮ੍ਹਣੇ ਆਇਆ ਹੈ। ਪਿਛਲੇ ਦਹਾਕਿਆਂ ਵਿਚ ਪੰਜਾਬ ਵਿਚ ਹੋਈ ਬਗਾਵਤ ਵਿਚ ਪਾਣੀ ਦੇ ਮਸਲੇ ਦਾ ਬਹੁਤ ਵੱਡਾ ਹੱਥ ਸੀ।

ਕੇਂਦਰੀ ਸਰਕਾਰ ਪਾਣੀ ਨੂੰ ਮੰਡੀ ਦਾ ਮਾਲ ਸਮਝਦੀ ਹੈ ਤੇ ਪਾਣੀ ਦਾ ਨਿਜੀਕਰਣ ਕਰਨ ਦੀ ਸਕੀਮਾਂ ਬਣਾ ਰਹੀ ਹੈ। ਕੇਂਦਰੀ ਸਰਕਾਰ ਦੀ ਪਾਣੀ ਬਾਰੇ ਪਾਲਸੀ ਇਸ ਦਿਸ਼ਾ ਵੱਲ ਇਕ ਕਦਮ ਹੈ। ਹਾਕਮ ਜਮਾਤਾਂ ਅਤੇ ਉਨ੍ਹਾਂ ਦਾ ਰਾਜ ਤੰਤ੍ਰ ਪਾਣੀ ਨੂੰ ਵੱਡੀਆਂ ਕੰਪਨੀਆਂ ਹਵਾਲੇ ਕਰ ਦੇਣਾ ਚਾਹੁੰਦਾ ਹੈ ਜਿਸ ਨਾਲ ਉਹ ਲੋਕਾਂ ਦੇ ਪਾਣੀ ਨੂੰ ਹਥਿਆ ਲੈਣ ਤੇ ਫੇਰ ਲੋਕਾਂ ਕੋਲ ਹੀ ਵੇਚ ਕੇ ਬਹੁਤ ਮੁਨਾਫ਼ੇ ਬਣਾ ਸਕਣ। ਕੰਪਨੀਆਂ ਵਲੋਂ ਕੀਤੀ ਗਈ ਖੋਜ ਦੱਸਦੀ ਹੈ ਕਿ ਪਾਣੀ ਤੋਂ ਤੇਲ ਨਾਲੋਂ ਭੀ ਜ਼ਿਆਦਾ ਮੁਨਾਫ਼ਾ ਬਣ ਸਕਦਾ ਹੈ। ਇਸੇ ਲਈ ਆਲਮੀ ਬੈਂਕ, ਆਈ.ਐਮ.ਐਫ ਅਤੇ ਹੋਰ ਸਾਮਰਾਜੀ ਅਦਾਰੇ ਪਾਣੀ ਦੇ ਨਿਜੀ ਕਰਣ ਤੇ ਬਹੁਤ ਜ਼ੋਰ ਦੇ ਰਹੇ ਹਨ।

ਕੇਂਦਰੀ ਰਾਜ ਤੰਤ੍ਰ ਅਤੇ ਉਸ ਦੇ ਵਿਦੇਸ਼ੀ ਅਤੇ ਦੇਸੀ ਜੁੰਡੀਦਾਰ ਆਪਣੇ ਮੁਨਾਫ਼ਿਆਂ ਨੂੰ ਵਧਾਉਣ ਲਈ ਲੋਕਾਂ ਨੂੰ ਆਪਣੇ ਪਾਣੀ ਤੋਂ ਵਾਂਝੇ ਕਰਨਾ ਚਾਹੁੰਦੇ ਹਨ। ਪੰਜਾਬ ਦੇ ਲੋਕਾਂ ਨੂੰ ਆਪਣੇ ਪਾਣੀ ਨੂੰ ਆਪਣੇ ਹੱਥ ਵਿਚ ਰੱਖਣ ਲਈ ਅਤੇ ਇਸ ਬਾਰੇ ਸਾਰੇ ਫੈਸਲੇ ਆਪ ਕਰਨ ਦੇ ਸਮਰੱਥ ਹੋਣ ਲਈ ਲਈ ਲਾਮਬੰਦ ਹੋਣ ਦੀ ਲੋੜ ਹੈ। ਆਪਣੇ ਪਾਣੀ ਨੂੰ ਆਪਣੇ ਹੱਥ ਵਿਚ ਲੈਣ ਲਈ ਉਨ੍ਹਾਂ ਨੂੰ ਕੇਂਦਰੀ ਸਰਕਾਰ ਅਤੇ ਉਸ ਦੇ ਝੋਲੀਚੁਕਾਂ ਦੇ ਖ਼ਿਲਾਫ਼ ਇਕਮੁੱਠ ਹੋਕੇ ਪੁਰਜ਼ੋਰ ਘੋਲ ਕਰਨ ਦੀ ਲੋੜ ਹੈ। ਉਨ੍ਹਾਂ ਨੂੰ ਭਗਤ ਕਬੀਰ ਦੀ ਇਹ ਹਿਦਾਇਤ ਨਹੀਂ ਭੁਲਣੀ ਚਾਹੀਦੀਃ

***ਕਬੀਰਾ ਪਾਣੀ ਰਾਖੀਏ, ਬਿਨ ਪਾਣੀ ਸਭ ਸੂਨ***
***ਪਾਣੀ ਗਏ ਨਾ ਉਭਰੇ ਮੋਤੀ ਮਾਨਸ ਚੂਨ***